Punjab Government Gazette

Published by Authority

No. 12] CHANDIGARH, FRIDAY, MARCH 20, 2026 (PHALGUNA 29, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਪੰਜਾਬ ਸਰਕਾਰ,ਵਿੱਤ ਵਿਭਾਗ

ਵਿੱਤ ਤੇ ਯੋਜਨਾ ਭਵਨ, ਪਲਾਟ ਨੰ: 2-ਬੀ,

ਸੈਕਟਰ 33-ਏ, ਚੰਡੀਗੜ੍ਹ।

ਹੁਕਮ

ਸ਼੍ਰੀ ਜੀਵਿਤ ਕੁਮਾਰ, ਸੀਨੀਅਰ ਸਹਾਇਕ ਦਫਤਰ ਮੁੱਖ ਭੂਮੀਪਾਲ, ਪੰਜਾਬ,ਚੰਡੀਗੜ੍ਹ ਨੇ ਪੰਜਾਬ ਸਟੇਟ ਅਕਾਂਊਟਸ ਸਰਵਿਸਜ਼ ਪ੍ਰੀਖਿਆ ਭਾਗ-1 ਅਤੇ 2 (ਆਰਡਨਰੀ ਬ੍ਰਾਂਚ) ਹੇਠ ਦਰਸਾਏ ਅਨੁਸਾਰ ਪਾਸ ਕੀਤੀ ਹੈ:-

ਲੜੀ ਨੰ:	ਐਸ.ਏ.ਐਸ ਪ੍ਰੀਖਿਆ ਭਾਗ-1 ਪਾਸ ਕਰਨ ਦੀ ਮਿਤੀ ਅਤੇ ਰੋਲ ਨੰਬਰ	ਐਸ.ਏ.ਐਸ ਪ੍ਰੀਖਿਆ ਭਾਗ-2 ਪਾਸ ਕਰਨ ਦੀ ਮਿਤੀ ਅਤੇ ਰੋਲ ਨੰਬਰ	6ਵੇਂ ਤਨਖਾਹ ਕਮਿਸ਼ਨ ਅਨੁਸਾਰ ਬਤੌਰ ਸੈਕਸ਼ਨ ਅਫਸਰ ਨਿਯੁਕਤੀ ਹੋਣ ਤੇ ਲਾਗੂ ਪੇਅ ਮੈਟਰਿਕਸ ਲੈਵਲ।
1.	050341/ਮਈ 2013 Dated 30.07.2013	202306401/ਜੂਨ/ਜੁਲਾਈ 2023 Dated 20.09.2023	ਲੈਵਲ-13 (Rs.46000-146500)

2) ਪੰਜਾਬ ਸਟੇਟ ਵਿੱਤ ਤੇ ਲੇਖਾ ਸਰਵਿਸ ਰੂਲਜ਼ (ਗਰੁਪ-ਏ) 2012, ਰੈਡ ਵਿੱਦ ਪੰਜਾਬ ਸਿਵਲ ਸੇਵਾਵਾਂ (ਆਮ ਤੇ ਸਾਂਝੀਆਂ ਸ਼ਰਤਾਂ) ਨਿਯਮ 1994, ਜਿਸ ਤਰ੍ਹਾਂ ਕਿ ਇਨ੍ਹਾਂ ਵਿੱਚ ਸਮੇ-ਸਮੇ ਤੇ ਸੋਧ ਹੋਈ ਜਾਂ ਹੋਵੇਗੀ, ਲਾਗੂ ਹੋਣਗੇ ਅਤੇ ਉਕਤ ਨਿਯਮਾਂ ਵਿੱਚ ਉਪਬੰਧਾਂ ਅਨੁਸਾਰ ਉਕਤ ਕਰਮਚਾਰੀ ਨੂੰ ਬਤੌਰ ਸੈਕਸ਼ਨ ਅਫਸਰ ਦਫਤਰ ਕੰਟਰੋਲਰ, ਪ੍ਰਿੰਟਿਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਵਿਖੇ ਸੈਕਸ਼ਨ ਅਫਸਰ ਦੀ ਖਾਲੀ ਅਸਾਮੀ ਵਿਰੁੱਧ ਨਿਯੁਕਤੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਇਹ ਨਿਯੁਕਤੀ 6ਵੇਂ ਤਨਖਾਹ ਕਮਿਸ਼ਨ ਅਨੁਸਾਰ ਸੈਕਸ਼ਨ ਅਫਸਰ ਦੀ ਅਸਾਮੀ ਤੇ ਲਾਗੂ ਪੇਅ ਮੈਟਿਰਿਕਸ ਲੈਵਲ-13 ਵਿੱਚ ਮੁੱਢਲੀ ਤਨਖਾਹ ਰੁਪਏ 46,000/- (ਸਮੇਤ ਅਜਿਹੇ ਭਤਿਆਂ ਦੇ ਜੋ ਸਮੇਂ-ਸਮੇਂ ਤੇ ਮਿਲਣਯੋਗ ਹੋਣਗੇ) ਵਿੱਚ ਕੀਤੀ ਜਾਂਦੀ ਹੈ, ਕਿਉਂਜੋ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ ਸ਼ਾਖਾ-1) ਵੱਲੋਂ ਅੰ.ਵਿ.ਪੱਤਰ ਨੰ: 7/104/2020-3ਐਫ.ਪੀ.1/967 ਮਿਤੀ 03.08.2021 ਰਾਹੀਂ ਸੋਧ ਪ੍ਰਾਪਤ ਹੋਈ ਹੈ ਕਿ "ਪੰਜਾਬ ਸਰਕਾਰ ਅਤੇ ਪੰਜਾਬ ਸਰਕਾਰ ਅਧੀਨ ਆਉਂਦੇ ਅਦਾਰਿਆਂ ਦੇ ਜਿਹੜੇ ਕਰਮਚਾਰੀਆਂ ਵੱਲੋਂ ਐਸ.ਏ.ਐਸ ਕਾਡਰ ਦੀ ਪ੍ਰੀਖਿਆ ਪਾਸ ਕਰ ਲਈ ਹੈ, ਉਨ੍ਹਾਂ ਤੇ ਵਿੱਤ ਵਿਭਾਗ ਦੀਆ ਹਦਾਇਤਾਂ ਮਿਤੀ 17.07.2020 ਲਾਗੂ ਨਹੀਂ ਹੋਣਗੀਆ"।

3) ਇਹ ਹੁਕਮ ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ ਕਿ ਜੇਕਰ ਆਪ ਦੇ ਵਿਰੁੱਧ ਵਿਭਾਗੀ ਕਾਰਵਾਈ ਜਾਂ ਵਿਜੀਲੈਂਸ ਆਦਿ ਦਾ ਕੇਸ ਪੈਡਿੰਗ ਹੋਇਆ ਜਾਂ ਇਸ ਵਿਭਾਗ ਦੇ ਬਾਅਦ ਵਿੱਚ ਧਿਆਨ ਆਇਆ ਤਾਂ ਇਨ੍ਹਾਂ ਹੁਕਮਾਂ ਦਾ ਉਸ ਤੇ ਕੋਈ ਅਸਰ ਨਹੀਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਇਸ ਸਬੰਧੀ ਕਿਸੇ ਮਾਨਯੋਗ ਅਦਾਲਤ ਵਿੱਚ ਕੋਈ ਕੇਸ/ਸਿਵਲ ਰਿੱਟ ਪਟੀਸ਼ਨ ਦਾਇਰ ਕੀਤੀ ਗਈ/ਜਾਂਦੀ ਹੈ ਤਾਂ ਉਕਤ ਨਿਯੁਕਤੀ ਮਾਨਯੋਗ ਅਦਾਲਤ ਦੇ ਆਦੇਸ਼ਾਂ ਦੇ ਨਿਰਭਰ/ਪ੍ਰਭਾਵਿਤ ਹੋਵੇਗੀ।

4) ਉਕਤ ਤੋਂ ਇਲਾਵਾ ਜੇਕਰ ਕਿਸੇ ਵੀ ਸਟੇਜ਼ ਤੇ ਆਪ ਵੱਲੋਂ ਇਸ ਵਿਭਾਗ ਨੂੰ ਪੇਸ਼ ਕੀਤੇ ਤੱਥ/ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਤਾਂ ਬਿਨ੍ਹਾਂ ਕਿਸੇ ਨੋਟਿਸ ਤੋਂ ਇਹ ਨਿਯੁਕਤੀ ਰੱਦ ਕਰਦੇ ਹੋਏ ਵਿੱਤ ਵਿਭਾਗ ਵੱਲੋਂ ਆਪ ਨੂੰ ਪਿਤਰੀ ਵਿਭਾਗ ਵਿਖੇ ਵਾਪਸ ਪਰਤਾ ਦਿੱਤਾ ਜਾਵੇਗਾ।

ਅਜੋਏ ਕੁਮਾਰ ਸਿਨਹਾ, ਆਈ.ਏ.ਐਸ,
ਪ੍ਰਮੁੱਖ ਸਕੱਤਰ ਵਿੱਤ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,ਚੰਡੀਗੜ੍ਹ।

ਮਿਤੀ 26 ਅਕਤੂਬਰ, 2023

3664/3-2026/Pb. Govt. Press, S.A.S. Nagar